ਮਿੱਠੇ ਬੱਚੇ:- "ਮਿੱਠੇ ਬੱਚੇ :- ਯਾਦ ਵਿੱਚ ਰਹੋ ਤਾਂ ਦੂਰ ਹੁੰਦੇ ਹੋਏ ਵੀ ਨਾਲ ਹੋ, ਯਾਦ ਨਾਲ ਸਾਥ ਦਾ ਵੀ ਅਨੁਭਵ ਹੁੰਦਾ ਹੈ ਅਤੇ ਵਿਕਰਮ ਵੀ ਵਿਨਾਸ਼ ਹੁੰਦੇ ਹਨ"

ਪ੍ਰਸ਼ਨ:- ਦੂਰਦੇਸ਼ੀ ਬਾਪ ਬੱਚਿਆਂ ਨੂੰ ਦੂਰਅੰਦੇਸ਼ੀ ਬਣਾਉਣ ਦੇ ਲਈ ਕਿਹੜਾ ਗਿਆਨ ਦਿੰਦੇ ਹਨ?

ਉੱਤਰ:- ਆਤਮਾ ਕਿਵੇਂ ਚੱਕਰ ਵਿੱਚ ਵੱਖ - ਵੱਖ ਵਰਣਾਂ ਵਿੱਚ ਆਉਂਦੀ ਹੈ, ਇਸ ਦਾ ਗਿਆਨ ਦੂਰਅੰਦੇਸ਼ੀ ਬਾਪ ਹੀ ਦਿੰਦੇ ਹਨ। ਤੁਸੀਂ ਜਾਣਦੇ ਹੋ ਹੁਣ ਅਸੀਂ ਬ੍ਰਾਹਮਣ ਵਰਣ ਦੇ ਹਾਂ ਇਸ ਤੋਂ ਪਹਿਲਾਂ ਜਦੋਂ ਗਿਆਨ ਨਹੀਂ ਸੀ ਤਾਂ ਸ਼ੂਦਰ ਵਰਣ ਦੇ ਸੀ, ਉਸਤੋਂ ਪਹਿਲਾਂ ਵੈਸ਼... ਵਰਣ ਦੇ ਸੀ। ਦੂਰਦੇਸ਼ ਵਿੱਚ ਰਹਿਣ ਵਾਲਾ ਬਾਪ ਆਕੇ ਇਹ ਦੂਰਅੰਦੇਸ਼ੀ ਬਣਨ ਦਾ ਸਾਰਾ ਗਿਆਨ ਬੱਚਿਆਂ ਨੂੰ ਦਿੰਦੇ ਹਨ।

ਗੀਤ:- ਜੋ ਪੀਆ ਕੇ ਸਾਥ ਹੈ...

ਓਮ ਸ਼ਾਂਤੀ - ਜੋ ਗਿਆਨ ਸਾਗਰ ਦੇ ਨਾਲ ਹਨ ਉਨ੍ਹਾਂ ਦੇ ਲਈ ਗਿਆਨ ਦਾ ਮੀਂਹ ਹੈ। ਤੁਸੀਂ ਬਾਪ ਦੇ ਨਾਲ ਹੋ ਨਾ। ਭਾਵੇਂ ਵਿਲਾਇਤ ਵਿੱਚ ਹੋਵੋ ਜਾਂ ਕਿਤੇ ਹੋਵੋ, ਨਾਲ ਹੋ। ਯਾਦ ਤਾਂ ਰੱਖਦੇ ਹੋ ਨਾ। ਜੋ ਵੀ ਬੱਚੇ ਯਾਦ ਵਿੱਚ ਰਹਿੰਦੇ ਹਨ, ਉਹ ਸਦਾ ਨਾਲ ਹਨ। ਯਾਦ ਵਿੱਚ ਰਹਿਣ ਕਾਰਣ ਨਾਲ ਰਹਿੰਦੇ ਹਨ ਅਤੇ ਵਿਕਰਮ ਵਿਨਾਸ਼ ਹੁੰਦੇ ਹਨ ਫਿਰ ਸ਼ੁਰੂ ਹੁੰਦਾ ਹੈ ਵਿਕਰਮਜੀਤ ਸੰਮਤ। ਫਿਰ ਜਦੋਂ ਰਾਵਣਰਾਜ ਹੁੰਦਾ ਹੈ ਤਾਂ ਕਹਿੰਦੇ ਹਨ ਰਾਜਾ ਵਿਕਰਮ ਦਾ ਸੰਮਤ। ਉਹ ਵਿਕਰਮਜੀਤ, ਉਹ ਵਿਕ੍ਰਮੀ। ਹੁਣ ਤੁਸੀਂ ਵਿਕਰਮਾਜੀਤ ਬਣ ਰਹੇ ਹੋ। ਫਿਰ ਤੁਸੀਂ ਵਿਕ੍ਰਮੀ ਬਣ ਜਾਵੋਗੇ। ਇਸ ਵਕਤ ਸਭ ਅਤੀ ਵਿਕ੍ਰਮੀ ਹਨ। ਕਿਸੇ ਨੂੰ ਵੀ ਆਪਣੇ ਧਰਮ ਦਾ ਪਤਾ ਨਹੀਂ ਹੈ। ਅੱਜ ਬਾਬਾ ਇੱਕ ਛੋਟਾ ਜਿਹਾ ਪ੍ਰਸ਼ਨ ਪੁੱਛਦੇ ਹਨ - ਸਤਿਯੁਗ ਵਿੱਚ ਦੇਵਤੇ ਇਹ ਜਾਣਦੇ ਹਨ ਕਿ ਅਸੀਂ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੇ ਹਾਂ? ਜਿਵੇਂ ਤੁਸੀਂ ਸਮਝਦੇ ਹੋ ਅਸੀਂ ਹਿੰਦੂ ਧਰਮ ਦੇ ਹਾਂ, ਕੋਈ ਕਹਿਣਗੇ ਅਸੀਂ ਕ੍ਰਿਸ਼ਚਨ ਧਰਮ ਦੇ ਹਾਂ। ਉਵੇਂ ਉੱਥੇ ਦੇਵਤੇ ਆਪਣੇ ਨੂੰ ਦੇਵੀ - ਦੇਵਤਾ ਧਰਮ ਦਾ ਸਮਝਦੇ ਹਨ? ਵਿਚਾਰ ਦੀ ਗੱਲ ਹੈ ਨਾ। ਉੱਥੇ ਦੂਜਾ ਕੋਈ ਧਰਮ ਤਾਂ ਹੈ ਨਹੀਂ ਜੋ ਸਮਝਣ ਕਿ ਅਸੀਂ ਫਲਾਣੇ ਧਰਮ ਦੇ ਹਾਂ। ਇੱਥੇ ਬਹੁਤ ਧਰਮ ਹਨ, ਤਾਂ ਪਹਿਚਾਣ ਦੇਣ ਦੇ ਲਈ ਵੱਖ - ਵੱਖ ਨਾਮ ਰੱਖੇ ਹਨ। ਉੱਥੇ ਤਾਂ ਹੈ ਹੀ ਇੱਕ ਧਰਮ ਇਸਲਈ ਕਹਿਣ ਦੀ ਜਰੂਰਤ ਨਹੀਂ ਰਹਿੰਦੀ ਹੈ ਕਿ ਅਸੀਂ ਇਸ ਧਰਮ ਦੇ ਹਾਂ। ਉਨ੍ਹਾਂ ਨੂੰ ਪਤਾ ਵੀ ਨਹੀਂ ਹੈ ਕਿ ਕੋਈ ਧਰਮ ਹੁੰਦੇ ਹਨ, ਉਨ੍ਹਾਂ ਦੀ ਹੀ ਰਾਜਾਈ ਹੈ। ਹੁਣ ਤੁਸੀਂ ਜਾਣਦੇ ਹੋ ਅਸੀਂ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੇ ਹਾਂ। ਦੇਵੀ - ਦੇਵਤਾ ਹੋਰ ਕਿਸੇ ਨੂੰ ਕਿਹਾ ਹੀ ਨਹੀਂ ਜਾ ਸਕਦਾ। ਪਤਿਤ ਹੋਣ ਦੇ ਕਾਰਣ ਆਪਣੇ ਨੂੰ ਦੇਵਤਾ ਕਹਿ ਨਹੀਂ ਸਕਦੇ। ਪਵਿੱਤਰ ਨੂੰ ਹੀ ਦੇਵਤਾ ਕਿਹਾ ਜਾਂਦਾ ਹੈ। ਉੱਥੇ ਅਜਿਹੀ ਕੋਈ ਗੱਲ ਹੁੰਦੀ ਨਹੀਂ। ਕਿਸੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਹੁਣ ਤੁਸੀਂ ਸੰਗਮਯੁਗ ਤੇ ਹੋ, ਜਾਣਦੇ ਹੋ ਆਦਿ ਸਨਾਤਨ ਦੇਵੀ - ਦੇਵਤਾ ਧਰਮ ਫ਼ਿਰ ਤੋਂ ਸਥਾਪਨ ਹੋ ਰਿਹਾ ਹੈ। ਉੱਥੇ ਤਾਂ ਧਰਮ ਦੀ ਗੱਲ ਹੀ ਨਹੀਂ ਹੈ। ਹੈ ਹੀ ਇੱਕ ਧਰਮ। ਇਹ ਵੀ ਬੱਚਿਆਂ ਨੂੰ ਸਮਝਾਇਆ ਹੈ, ਇਹ ਜੋ ਕਹਿੰਦੇ ਹਨ - ਮਹਾਪਰਲੇ ਹੁੰਦੀ ਹੈ ਮਤਲਬ ਕੁਝ ਵੀ ਨਹੀਂ ਰਹਿੰਦਾ, ਇਹ ਵੀ ਰਾਂਗ ਹੋ ਜਾਂਦਾ ਹੈ। ਬਾਪ ਬੈਠ ਸਮਝਾਉਂਦੇ ਹਨ - ਰਾਈਟ ਕੀ ਹੈ? ਸ਼ਾਸਤਰਾਂ ਵਿੱਚ ਤੇ ਜਲਮਈ ਵਿਖਾ ਦਿੱਤੀ ਹੈ। ਬਾਪ ਸਮਝਾਉਂਦੇ ਹਨ ਸਿਵਾਏ ਭਾਰਤ ਦੇ ਬਾਕੀ ਜਲਮਈ ਹੋ ਜਾਂਦੀ ਹੈ। ਇੰਨੀ ਵੱਡੀ ਸ੍ਰਿਸ਼ਟੀ ਕੀ ਕਰਨਗੇ। ਇੱਕ ਭਾਰਤ ਵਿੱਚ ਹੀ ਵੇਖੋ ਕਿੰਨੇ ਪਿੰਡ ਹਨ। ਪਹਿਲਾਂ ਜੰਗਲ ਹੁੰਦਾ ਹੈ ਫਿਰ ਉਸ ਤੋਂ ਵਾਧਾ ਹੁੰਦਾ ਜਾਂਦਾ ਹੈ। ਉੱਥੇ ਤਾਂ ਤੁਸੀ ਸਿਰ੍ਫ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੇ ਹੀ ਰਹਿੰਦੇ ਹੋ। ਇਹ ਤੁਹਾਡੀ ਬ੍ਰਾਹਮਣਾਂ ਦੀ ਬੁੱਧੀ ਵਿੱਚ ਬਾਬਾ ਧਾਰਨਾ ਕਰਵਾ ਰਹੇ ਹਨ। ਹੁਣ ਤੁਸੀਂ ਜਾਣਦੇ ਹੋ ਉੱਚ ਤੋਂ ਉੱਚ ਸ਼ਿਵਬਾਬਾ ਕੌਣ ਹੈ? ਉਨ੍ਹਾਂ ਦੀ ਪੂਜਾ ਕਿਓਂ ਕੀਤੀ ਜਾਂਦੀ ਹੈ? ਅੱਕ ਆਦਿ ਦੇ ਫੁੱਲ ਕਿਓਂ ਚੜ੍ਹਾਉਂਦੇ ਹਨ? ਉਹ ਤਾਂ ਨਿਰਾਕਾਰ ਹੈ ਨਾ। ਕਹਿੰਦੇ ਹਨ ਨਾਮ ਰੂਪ ਤੋਂ ਨਿਆਰਾ ਹੈ, ਪਰ ਨਾਮ ਰੂਪ ਤੋਂ ਨਿਆਰੀ ਕੋਈ ਚੀਜ਼ ਤਾਂ ਹੁੰਦੀ ਨਹੀਂ। ਫਿਰ ਕੀ ਹੈ - ਜਿਸਨੂੰ ਫੁੱਲ ਆਦਿ ਚੜ੍ਹਾਉਂਦੇ ਹਨ? ਪਹਿਲਾਂ -ਪਹਿਲਾਂ ਪੂਜਾ ਉਨ੍ਹਾਂ ਦੀ ਹੁੰਦੀ ਹੈ। ਮੰਦਿਰ ਵੀ ਉਨ੍ਹਾਂ ਦੇ ਬਣਦੇ ਹਨ ਕਿਉਂਕੀ ਭਾਰਤ ਦੀ ਅਤੇ ਸਾਰੀ ਦੁਨੀਆਂ ਦੇ ਬੱਚਿਆਂ ਦੀ ਸਰਵਿਸ ਕਰਦੇ ਹਨ। ਮਨੁੱਖਾਂ ਦੀ ਹੀ ਸਰਵਿਸ ਕੀਤੀ ਜਾਂਦੀ ਹੈ ਨਾ। ਇਸ ਵਕਤ ਤੁਸੀਂ ਆਪਣੇ ਨੂੰ ਦੇਵੀ - ਦੇਵਤਾ ਧਰਮ ਦੇ ਨਹੀਂ ਕਹਾ ਸਕਦੇ। ਤੁਹਾਨੂੰ ਪਤਾ ਵੀ ਨਹੀਂ ਸੀ ਕਿ ਅਸੀਂ ਦੇਵੀ - ਦੇਵਤਾ ਧਰਮ ਦੇ ਸੀ ਫਿਰ ਹੁਣ ਬਣ ਰਹੇ ਹਾਂ। ਹੁਣ ਬਾਪ ਸਮਝਾ ਰਹੇ ਹਨ ਤਾਂ ਸਮਝਾਉਣਾ ਚਾਹੀਦਾ ਹੈ - ਇਹ ਨਾਲੇਜ ਸਿਵਾਏ ਬਾਪ ਦੇ ਹੋਰ ਕੋਈ ਦੇ ਨਹੀਂ ਸਕਦਾ। ਉਨ੍ਹਾਂਨੂੰ ਹੀ ਕਹਿੰਦੇ ਹਨ ਗਿਆਨ ਦਾ ਸਾਗਰ, ਨਾਲੇਜਫੁਲ। ਗਾਇਆ ਵੀ ਹੋਇਆ ਹੈ ਕਿ ਰਚਤਾ ਅਤੇ ਰਚਨਾ ਨੂੰ ਰਿਸ਼ੀ - ਮੁਨੀ ਆਦਿ ਕੋਈ ਵੀ ਨਹੀਂ ਜਾਣਦੇ। ਨੇਤੀ - ਨੇਤੀ ਕਰਦੇ ਗਏ ਹਨ। ਜਿਵੇਂ ਛੋਟੇ ਬੱਚੇ ਨੂੰ ਨਾਲੇਜ ਹੈ ਕੀ? ਜਿਵੇਂ ਵੱਡੇ ਹੁੰਦੇ ਜਾਣਗੇ, ਬੁੱਧੀ ਖੁਲ੍ਹਦੀ ਜਾਵੇਗੀ। ਬੁੱਧੀ ਵਿੱਚ ਆਉਂਦਾ ਜਾਵੇਗਾ, ਵਿਲਾਇਤ ਕਿੱਥੇ ਹੈ, ਇਹ ਕਿੱਥੇ ਹੈ। ਤੁਸੀਂ ਬੱਚੇ ਵੀ ਪਹਿਲਾਂ ਇਸ ਬੇਹੱਦ ਦੀ ਨਾਲੇਜ ਨੂੰ ਕੁਝ ਵੀ ਨਹੀਂ ਜਾਣਦੇ ਸੀ। ਇਹ( ਬ੍ਰਹਮਾ ) ਵੀ ਕਹਿੰਦੇ ਹਨ ਭਾਵੇਂ ਅਸੀਂ ਸ਼ਾਸਤਰ ਆਦਿ ਪੜ੍ਹਦੇ ਸੀ ਪਰ ਸਮਝਦੇ ਕੁਝ ਵੀ ਨਹੀਂ ਸੀ। ਮਨੁੱਖ ਹੀ ਇਸ ਡਰਾਮੇ ਵਿੱਚ ਐਕਟਰ ਹਨ ਨਾ।

ਸਾਰਾ ਖੇਡ ਦੋ ਗੱਲਾਂ ਤੇ ਬਣਿਆ ਹੋਇਆ ਹੈ। ਭਾਰਤ ਦੀ ਹਾਰ ਅਤੇ ਭਾਰਤ ਦੀ ਜਿੱਤ। ਭਾਰਤ ਵਿੱਚ ਸਤਿਯੁਗ ਆਦਿ ਦੇ ਵਕ਼ਤ

ਪਵਿੱਤਰ ਧਰਮ ਸੀ, ਇਸ ਵਕਤ ਹੈ ਅਪਵਿੱਤਰ ਧਰਮ। ਅਪਵਿੱਤਰਤਾ ਦੇ ਕਾਰਣ ਆਪਣੇ ਨੂੰ ਦੇਵਤਾ ਨਹੀਂ ਕਹਿ ਸਕਦੇ ਹਨ। ਫਿਰ ਵੀ ਸ਼੍ਰੀ ਸ਼੍ਰੀ ਨਾਮ ਰੱਖ ਦਿੰਦੇ ਹਨ। ਲੇਕਿਨ ਸ਼੍ਰੀ ਮਤਲਬ ਸ੍ਰੇਸ਼ਠ। ਸ੍ਰੇਸ਼ਠ ਕਿਹਾ ਹੀ ਜਾਂਦਾ ਹੈ ਪਵਿੱਤਰ ਦੇਵਤਾਵਾਂ ਨੂੰ। ਸ਼੍ਰੀਮਤ ਭਗਵਾਨੁਵਾਚ ਕਿਹਾ ਜਾਂਦਾ ਹੈ ਨਾ। ਹੁਣ ਸ਼੍ਰੀ ਕੌਣ ਹੋਏ? ਜੋ ਬਾਪ ਤੋਂ ਸਨਮੁੱਖ ਸੁਣ ਕੇ ਸ਼੍ਰੀ ਬਣਦੇ ਹਨ ਜਾਂ ਜਿਨ੍ਹਾਂ ਨੇ ਆਪਣੇ ਨੂੰ ਸ਼੍ਰੀ ਸ਼੍ਰੀ ਕਹਾਇਆ ਹੈ? ਬਾਪ ਦੇ ਕਰਤੱਵਿਆ ਤੇ ਜੋ ਨਾਮ ਪਏ ਹਨ, ਉਹ ਆਪਣੇ ਉੱਪਰ ਰੱਖ ਦਿੱਤੇ ਹਨ। ਇਹ ਸਭ ਹਨ ਰੇਜਗਾਰੀ ਗੱਲਾਂ। ਫਿਰ ਵੀ ਬਾਪ ਕਹਿੰਦੇ ਹਨ - ਬੱਚਿਓ, ਇੱਕ ਬਾਪ ਨੂੰ ਯਾਦ ਕਰਦੇ ਰਹੋ। ਇਹ ਹੀ ਵਸ਼ੀਕਰਨ ਮੰਤਰ ਹੈ। ਤੁਸੀਂ ਰਾਵਨ ਤੇ ਜਿੱਤ ਪਾ ਜਗਤਜੀਤ ਬਣਦੇ ਹੋ। ਘੜੀ - ਘੜੀ ਆਪਣੇ ਨੂੰ ਆਤਮਾ ਸਮਝੋ। ਇਹ ਸ਼ਰੀਰ ਤਾਂ ਇੱਥੇ 5 ਤਤ੍ਵ ਦਾ ਬਣਿਆ ਹੋਇਆ ਹੈ। ਬਣਦਾ ਹੈ, ਛੁੱਟਦਾ ਹੈ ਫਿਰ ਬਣਦਾ ਹੈ। ਹੁਣ ਆਤਮਾ ਤੇ ਅਵਿਨਾਸ਼ੀ ਹੈ। ਅਵਿਨਾਸ਼ੀ ਆਤਮਾਵਾਂ ਨੂੰ ਹੁਣ ਅਵਿਨਾਸ਼ੀ ਬਾਪ ਪੜ੍ਹਾ ਰਹੇ ਹਨ ਸੰਗਮਯੁਗ ਤੇ। ਭਾਵੇਂ ਕਿੰਨੇ ਵੀ ਵਿਘਨ ਆਦਿ ਪੈਂਦੇ ਹਨ, ਮਾਇਆ ਦੇ ਤੂਫਾਨ ਆਉਂਦੇ ਹਨ ਤੁਸੀਂ ਬਾਪ ਦੀ ਯਾਦ ਵਿੱਚ ਰਹੋ। ਤੁਸੀਂ ਸਮਝਦੇ ਹੋ ਅਸੀਂ ਹੀ ਸਤੋਪ੍ਰਧਾਨ ਸੀ ਫਿਰ ਤਮੋਪ੍ਰਧਾਨ ਬਣੇ ਹਾਂ। ਤੁਹਾਡੇ ਵਿੱਚ ਵੀ ਨੰਬਰਵਾਰ ਜਾਣਦੇ ਹਨ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੈ ਅਸੀਂ ਪਹਿਲਾਂ - ਪਹਿਲਾਂ ਭਗਤੀ ਕੀਤੀ ਹੈ। ਜਰੂਰ ਪਹਿਲੇ - ਪਹਿਲੇ ਜਿਸਨੇ ਭਗਤੀ ਕੀਤੀ ਹੈ ਉਸਨੇ ਹੀ ਸ਼ਿਵ ਦਾ ਮੰਦਿਰ ਬਣਾਇਆ ਕਿਉਂਕਿ ਧਨਵਾਨ ਵੀ ਉਹ ਹੁੰਦੇ ਹਨ ਨਾ। ਵੱਡੇ ਰਾਜੇ ਨੂੰ ਵੇਖ ਹੋਰ ਵੀ ਰਾਜੇ ਅਤੇ ਪ੍ਰਜਾ ਵੀ ਉਵੇਂ ਕਰਨਗੇ। ਇਹ ਸਭ ਹਨ ਡੀਟੇਲ ਦੀਆਂ ਗੱਲਾਂ। ਇੱਕ ਸੈਕਿੰਡ ਵਿੱਚ ਜੀਵਨਮੁਕਤੀ ਕਿਹਾ ਜਾਂਦਾ ਹੈ। ਫਿਰ ਕਿੰਨੇ ਵਰ੍ਹੇ ਲਗ ਜਾਂਦੇ ਹਨ ਸਮਝਾਉਣ ਵਿੱਚ। ਗਿਆਨ ਤਾਂ ਸਹਿਜ ਹੈ, ਉਸ ਵਿੱਚ ਇਨਾਂ ਵਕਤ ਨਹੀਂ ਲਗਦਾ ਹੈ, ਜਿਨਾਂ ਯਾਦ ਦੀ ਯਾਤ੍ਰਾ ਤੇ ਲਗਦਾ ਹੈ। ਪੁਕਾਰਦੇ ਵੀ ਹਨ ਬਾਬਾ ਆਓ ਆਕੇ ਸਾਨੂੰ ਪਤਿਤ ਤੋਂ ਪਾਵਨ ਬਣਾਓ, ਇੰਵੇਂ ਨਹੀਂ ਕਹਿੰਦੇ ਕਿ ਬਾਬਾ ਸਾਨੂੰ ਵਿਸ਼ਵ ਦਾ ਮਾਲਿਕ ਬਣਾਓ। ਸਭ ਕਹਿਣਗੇ ਪਤਿਤ ਤੋਂ ਪਾਵਨ ਬਣਾਓ। ਪਾਵਨ ਦੁਨੀਆਂ ਕਿਹਾ ਜਾਂਦਾ ਹੈ ਸਤਿਯੁਗ ਨੂੰ, ਇਸਨੂੰ ਪਤਿਤ ਦੁਨੀਆਂ ਕਹਾਂਗੇ, ਪਤਿਤ ਦੁਨੀਆਂ ਕਹਿੰਦੇ ਹੋਏ ਵੀ ਆਪਣੇ ਨੂੰ ਸਮਝਦੇ ਨਹੀਂ ਹਨ। ਆਪਣੇ ਪ੍ਰਤੀ ਘ੍ਰਿਣਾ ਨਹੀਂ ਰੱਖਦੇ। ਤੁਸੀਂ ਕਿਸੇ ਦੇ ਹੱਥ ਦਾ ਨਹੀਂ ਖਾਂਦੇ ਹੋ, ਤਾਂ ਕਹਿੰਦੇ ਹਨ ਅਸੀਂ ਅਛੂਤ ਹਾਂ ਕੀ? ਅਰੇ, ਤੁਸੀਂ ਆਪੇ ਹੀ ਕਹਿੰਦੇ ਹੋ ਨਾ। ਪਤਿਤ ਤਾਂ ਸਭ ਹਨ ਨਾ। ਤੁਸੀਂ ਕਹਿੰਦੇ ਵੀ ਹੋ ਅਸੀਂ ਪਤਿਤ ਹਾਂ, ਇਹ ਦੇਵਤੇ ਪਾਵਨ ਹਨ। ਤਾਂ ਪਤਿਤ ਨੂੰ ਕੀ ਕਹਾਂਗੇ। ਗਾਇਨ ਹੈ ਨਾ - ਅੰਮ੍ਰਿਤ ਛੱਡ ਵਿਸ਼ ਕਾਹੇ ਕੋ ਖਾਏਂ। ਵਿਸ਼ ਤਾਂ ਖ਼ਰਾਬ ਹੈ ਨਾ। ਬਾਪ ਕਹਿੰਦੇ ਹਨ ਇਹ ਵਿਸ਼ ਤੁਹਾਨੂੰ ਆਦਿ - ਮੱਧ - ਅੰਤ ਦੁੱਖ ਦਿੰਦਾ ਹੈ। ਪਰ ਉਸਨੂੰ ਜ਼ਹਿਰ ਸਮਝਦੇ ਥੋੜ੍ਹੀ ਨਾ ਹਨ। ਜਿਵੇਂ ਅਮਲੀ ਅਮਲ ਬਿਨਾਂ ਰਹਿ ਨਹੀਂ ਸਕਦਾ, ਸ਼ਰਾਬ ਦੀ ਆਦਤ ਵਾਲਾ ਸ਼ਰਾਬ ਬਿਨਾਂ ਰਹਿ ਨਾ ਸਕੇ। ਲੜ੍ਹਾਈ ਦਾ ਸਮਾਂ ਹੁੰਦਾ ਹੈ ਤਾਂ ਉਨ੍ਹਾਂਨੂੰ ਸ਼ਰਾਬ ਪਿਲਾਕੇ ਨਸ਼ਾ ਚੜ੍ਹਾ ਲੜ੍ਹਾਈ ਤੇ ਭੇਜ ਦਿੰਦੇ ਹਨ। ਨਸ਼ਾ ਮਿਲਿਆ ਬਸ, ਸਮਝਣਗੇ ਸਾਨੂੰ ਅਜਿਹਾ ਕਰਨਾ ਹੈ। ਉਨ੍ਹਾਂ ਲੋਕਾਂ ਨੂੰ ਮਰਨ ਦਾ ਡਰ ਨਹੀਂ ਰਹਿੰਦਾ। ਕਿਤੇ ਵੀ ਬਾਂਬਜ਼ ਲੈ ਜਾਕੇ ਬਾਂਮਬ ਸਮੇਤ ਡਿੱਗਦੇ ਹਨ। ਗਾਇਨ ਵੀ ਹੈ ਮੂਸਲਾਂ ਦੀ ਲੜ੍ਹਾਈ ਲੱਗੀ, ਰਾਈਟ ਗੱਲ ਹੁਣ ਤੁਸੀਂ ਪ੍ਰੈਕਟੀਕਲ ਵਿੱਚ ਵੇਖ ਰਹੇ ਹੋ। ਪਹਿਲਾਂ ਤਾਂ ਸਿਰ੍ਫ ਪੜ੍ਹਦੇ ਸੀ ਢਿੱਡ ਵਿਚੋਂ ਮੂਸਲ ਕੱਢੇ ਫਿਰ ਇਹ ਕੀਤਾ। ਹੁਣ ਤੁਸੀਂ ਸਮਝਦੇ ਹੋ ਪਾਂਡਵ ਕੌਣ ਹਨ, ਕੌਰਵ ਕੌਣ ਹਨ? ਸਵਰਗਵਾਸੀ ਬਣਨ ਦੇ ਲਈ ਪਾਂਡਵਾਂ ਨੇ ਜਿਉਂਦੇ ਜੀ ਦੇਹ ਅਭਿਮਾਨ ਤੋਂ ਗਲਣ ਦਾ ਪੁਰਾਸ਼ਰਥ ਕੀਤਾ। ਤੁਸੀਂ ਹੁਣ ਇਹ ਪੁਰਾਣੀ ਜੁੱਤੀ ਛੱਡਣ ਦਾ ਪੁਰਾਸ਼ਰਥ ਕਰਦੇ ਹੋ। ਕਹਿੰਦੇ ਹਨ ਨਾ ਪੁਰਾਣੀ ਜੁੱਤੀ ਛੱਡ ਨਵੀਂ ਲੈਣੀ ਹੈ। ਬਾਪ ਬੱਚਿਆਂ ਨੂੰ ਹੀ ਸਮਝਾਉਂਦੇ ਹਨ। ਬਾਪ ਕਹਿੰਦੇ ਹਨ ਮੈਂ ਕਲਪ - ਕਲਪ ਆਉਂਦਾ ਹਾਂ। ਮੇਰਾ ਨਾਮ ਹੈ ਸ਼ਿਵ। ਸ਼ਿਵ ਜੇਯੰਤੀ ਵੀ ਮਨਾਉਂਦੇ ਹਨ। ਭਗਤੀਮਾਰਗ ਦੇ ਲਈ ਕਿੰਨੇ ਮੰਦਿਰ ਆਦਿ ਬਨਾਉਂਦੇ ਹਨ। ਨਾਮ ਵੀ ਬਹੁਤ ਰੱਖੇ ਹਨ। ਦੇਵੀਆਂ ਆਦਿ ਦੇ ਵੀ ਅਜਿਹੇ ਨਾਮ ਰੱਖ ਦਿੰਦੇ ਹਨ। ਇਸ ਵਕ਼ਤ ਤੁਹਾਡੀ ਪੂਜਾ ਹੋ ਰਹੀ ਹੈ। ਇਹ ਵੀ ਤੁਸੀਂ ਬੱਚੇ ਹੀ ਜਾਣਦੇ ਹੋ ਜਿਸਦੀ ਅਸੀਂ ਪੂਜਾ ਕਰਦੇ ਸੀ ਉਹ ਸਾਨੂੰ ਪੜ੍ਹਾ ਰਹੇ ਹਨ। ਜਿਨ੍ਹਾਂ ਲਕਸ਼ਮੀ - ਨਾਰਾਇਣ ਦੇ ਅਸੀਂ ਪੂਜਾਰੀ ਸੀ ਉਹ ਹੁਣ ਅਸੀਂ ਖ਼ੁਦ ਬਣ ਰਹੇ ਹਾਂ। ਇਹ ਗਿਆਨ ਬੁੱਧੀ ਵਿੱਚ ਹੈ। ਸਿਮਰਨ ਕਰਦੇ ਰਹੋ ਫਿਰ ਦੂਸਰਿਆਂ ਨੂੰ ਵੀ ਸੁਣਾਓ। ਬਹੁਤ ਹਨ ਜੋ ਧਾਰਨਾ ਨਹੀਂ ਕਰ ਸਕਦੇ ਹਨ। ਬਾਬਾ ਕਹਿੰਦੇ ਹਨ ਜ਼ਿਆਦਾ ਧਾਰਨਾ ਨਹੀਂ ਕਰ ਸਕਦੇ ਹੋ ਤਾਂ ਹਰਜਾ ਨਹੀਂ। ਯਾਦ ਦੀ ਤੇ ਧਾਰਨਾ ਹੈ ਨਾ। ਬਾਪ ਨੂੰ ਹੀ ਯਾਦ ਕਰਦੇ ਰਹੋ। ਜਿਨ੍ਹਾਂ ਦੀ ਮੁਰਲੀ ਨਹੀਂ ਚੱਲਦੀ ਹੈ ਤਾਂ ਇੱਥੇ ਬੈਠੇ ਸਿਮਰਨ ਕਰਨ। ਇੱਥੇ ਕੋਈ ਬੰਧਨ ਝੰਝਟ ਆਦਿ ਹੈ ਨਹੀਂ। ਘਰ ਵਿੱਚ ਬਾਲ ਬੱਚਿਆਂ ਆਦਿ ਦਾ ਵਾਤਾਵਰਨ ਵੇਖ ਉਹ ਨਸ਼ਾ ਗੁੰਮ ਹੋ ਜਾਂਦਾ ਹੈ। ਇੱਥੇ ਚਿੱਤ੍ਰ ਵੀ ਰੱਖੇ ਹੋਏ ਹਨ। ਕਿਸੇ ਨੂੰ ਵੀ ਸਮਝਾਉਣਾ ਬਹੁਤ ਸਹਿਜ ਹੈ। ਉਹ ਲੋਕੀ ਤਾਂ ਗੀਤਾ ਆਦਿ ਪੂਰੀ ਯਾਦ ਕਰ ਲੈਂਦੇ ਹਨ। ਸਿੱਖ ਲੋਕਾਂ ਨੂੰ ਵੀ ਗ੍ਰੰਥ ਯਾਦ ਰਹਿੰਦਾ ਹੈ ਨਾ। ਤੁਸੀਂ ਕੀ ਯਾਦ ਕਰਨਾ ਹੈ? ਬਾਪ ਨੂੰ। ਤੁਸੀਂ ਕਹਿੰਦੇ ਵੀ ਹੋ ਬਾਬਾ, ਇਹ ਹੈ ਬਿਲਕੁਲ ਨਵੀਂ ਚੀਜ਼। ਇਹ ਇੱਕ ਹੀ ਵਕ਼ਤ ਹੈ ਜਦਕਿ ਤੁਹਾਨੂੰ ਆਪਣੇ ਆਪ ਨੂੰ ਆਤਮਾ ਸਮਝ ਇੱਕ ਬਾਪ ਨੂੰ ਯਾਦ ਕਰਨਾ ਹੈ। 5 ਹਜ਼ਾਰ ਵਰ੍ਹੇ ਪਹਿਲਾਂ ਵੀ ਸਿਖਾਇਆ ਸੀ, ਹੋਰ ਕਿਸੇ ਦੀ ਤਾਕਤ ਨਹੀਂ ਜੋ ਇੰਵੇਂ ਸਮਝਾ ਸਕੇ। ਗਿਆਨ ਸਾਗਰ ਹੈ ਹੀ ਇੱਕ ਬਾਪ, ਦੂਸਰਾ ਕੋਈ ਹੋ ਨਹੀਂ ਸਕਦਾ। ਗਿਆਨ ਸਾਗਰ ਬਾਪ ਹੀ ਤੁਹਾਨੂੰ ਸਮਝਾਉਂਦੇ ਹਨ, ਅੱਜਕਲ ਅਜਿਹੇ ਵੀ ਬਹੁਤ ਨਿਕਲੇ ਹਨ ਜੋ ਕਹਿੰਦੇ ਹਨ ਅਸੀਂ ਅਵਤਾਰ ਲਿਆ ਹੈ ਇਸ ਲਈ ਸੱਚ ਦੀ ਸਥਾਪਨਾ ਵਿੱਚ ਕਿੰਨੇ ਵਿਘਨ ਪੈਂਦੇ ਹਨ ਪਰ ਗਾਇਆ ਹੋਇਆ ਹੈ ਸੱਚ ਦੀ ਨਾਂਵ ਹਿਲੇਗੀ, ਡੁਲੇਗੀ ਪਰ ਡੁੱਬੇਗੀ ਨਹੀਂ।

ਹੁਣ ਤੁਸੀਂ ਬੱਚੇ ਬਾਪ ਦੇ ਕੋਲ ਆਉਂਦੇ ਹੋ ਤਾਂ ਤੁਹਾਡੇ ਦਿਲ ਵਿੱਚ ਕਿੰਨੀ ਖੁਸ਼ੀ ਰਹਿਣੀ ਚਾਹੀਦੀ ਹੈ। ਪਹਿਲਾਂ ਯਾਤ੍ਰਾ ਤੇ ਜਾਂਦੇ ਸਨ ਤਾਂ ਦਿਲ ਵਿੱਚ ਕੀ ਆਉਂਦਾ ਸੀ? ਹੁਣ ਘਰਬਾਰ ਛੱਡ ਇੱਥੇ ਆਉਂਦੇ ਹੋ ਤਾਂ ਦਿਲ ਵਿੱਚ ਕੀ ਖਿਆਲਾਤ ਆਉਂਦੇ ਹਨ? ਅਸੀਂ ਬਾਪਦਾਦਾ ਦੇ ਕੋਲ ਜਾਂਦੇ ਹਾਂ। ਬਾਪ ਨੇ ਇਹ ਵੀ ਸਮਝਾਇਆ ਹੈ - ਮੈਨੂੰ ਸਿਰ੍ਫ ਸ਼ਿਵਬਾਬਾ ਕਹਿੰਦੇ ਹਨ ਜਿਸ ਵਿਚ ਪ੍ਰਵੇਸ਼ ਕੀਤਾ ਹੈ, ਉਹ ਹੈ ਬ੍ਰਹਮਾ। ਬਿਰਾਦਰੀਆਂ ਹੁੰਦੀਆਂ ਹਨ ਨਾ। ਪਹਿਲੀ - ਪਹਿਲੀ ਬਿਰਾਦਰੀ ਬ੍ਰਾਹਮਣਾਂ ਦੀ ਹੈ ਫਿਰ ਦੇਵਤਾਵਾਂ ਦੀ ਬਿਰਾਦਰੀ ਹੋ ਜਾਂਦੀ ਹੈ। ਹੁਣ ਦੂਰਦੇਸ਼ੀ ਬਾਪ ਬੱਚਿਆਂ ਨੂੰ ਦੂਰਅੰਦੇਸ਼ੀ ਬਨਾਉਂਦੇ ਹਨ। ਤੁਸੀਂ ਜਾਣਦੇ ਹੋ ਆਤਮਾ ਕਿਵੇਂ ਸਾਰੇ ਚੱਕਰ ਵਿੱਚ ਵੱਖ - ਵੱਖ

ਵਰਣਾਂ ਵਿੱਚ ਆਈ ਹੈ, ਇਸ ਦਾ ਗਿਆਨ ਦੂਰਅੰਦੇਸ਼ੀ ਬਾਪ ਹੀ ਦਿੰਦੇ ਹਨ। ਤੁਸੀਂ ਵਿਚਾਰ ਕਰੋਗੇ ਅਸੀਂ ਹੁਣ ਬ੍ਰਾਹਮਣ ਵਰਣ ਦੇ ਹਾਂ, ਇਸ ਤੋਂ ਪਹਿਲਾਂ ਜਦ ਗਿਆਨ ਨਹੀਂ ਸੀ ਤਾਂ ਸ਼ੂਦ੍ਰ ਵਰਣ ਦੇ ਸੀ। ਸਾਡਾ ਹੈ ਗ੍ਰੇਟ - ਗ੍ਰੇਟ ਗ੍ਰੈਂਡ ਫਾਦਰ। ਗ੍ਰੇਟ ਸ਼ੂਦ੍ਰ, ਗ੍ਰੇਟ ਵੈਸ਼, ਗ੍ਰੇਟ ਖ਼ਤਰੀ... ਉਸ ਤੋਂ ਪਹਿਲਾਂ ਗ੍ਰੇਟ ਬ੍ਰਾਹਮਣ ਸੀ। ਹੁਣ ਇਹ ਗੱਲਾਂ ਸਿਵਾਏ ਬਾਪ ਦੇ ਹੋਰ ਕੋਈ ਸਮਝਾ ਨਹੀਂ ਸਕਦਾ। ਇਸਨੂੰ ਕਿਹਾ ਜਾਂਦਾ ਹੈ ਦੂਰਅੰਦੇਸ਼ੀ ਦਾ ਗਿਆਨ। ਦੂਰਦੇਸ਼ ਵਿੱਚ ਰਹਿਣ ਵਾਲਾ ਬਾਪ ਆਕੇ ਦੂਰਦੇਸ਼ ਦਾ ਸਾਰਾ ਗਿਆਨ ਦਿੰਦੇ ਹਨ ਬੱਚਿਆਂ ਨੂੰ। ਤੁਸੀਂ ਜਾਣਦੇ ਹੋ ਸਾਡਾ ਬਾਬਾ ਦੂਰਦੇਸ਼ ਵਿਚੋਂ ਇਨ੍ਹਾਂ ਵਿੱਚ ਆਉਂਦੇ ਹਨ। ਇਹ ਪਰਾਇਆ ਦੇਸ਼, ਪਰਾਇਆ ਰਾਜ ਹੈ। ਸ਼ਿਵਬਾਬਾ ਨੂੰ ਆਪਣਾ ਸ਼ਰੀਰ ਨਹੀਂ ਹੈ ਅਤੇ ਉਹ ਹੈ ਗਿਆਨ ਦਾ ਸਾਗਰ, ਸ੍ਵਰਗ ਦਾ ਰਾਜ ਵੀ ਉਨ੍ਹਾਂ ਨੇ ਦੇਣਾ ਹੈ। ਕ੍ਰਿਸ਼ਨ ਥੋੜ੍ਹੀ ਨਾ ਦੇਣਗੇ। ਸ਼ਿਵਬਾਬਾ ਹੀ ਦੇਣਗੇ। ਕ੍ਰਿਸ਼ਨ ਨੂੰ ਬਾਬਾ ਨਹੀਂ ਕਹਾਂਗੇ। ਬਾਪ ਰਾਜ ਦਿੰਦੇ ਹਨ, ਬਾਪ ਤੋਂ ਹੀ ਵਰਸਾ ਮਿਲਦਾ ਹੈ। ਹੁਣ ਹੱਦ ਦੇ ਵਰਸੇ ਸਭ ਪੂਰੇ ਹੁੰਦੇ ਹਨ। ਸਤਿਯੁਗ ਵਿੱਚ ਤੁਹਾਨੂੰ ਇਹ ਪਤਾ ਨਹੀਂ ਰਹੇਗਾ ਕਿ ਅਸੀਂ ਇਸ ਸੰਗਮ ਤੇ 21 ਜਨਮਾਂ ਦਾ ਵਰਸਾ ਲਿਆ ਹੋਇਆ ਹੈ। ਇਹ ਹੁਣ ਹੀ ਜਾਣਦੇ ਹੋ ਅਸੀਂ 21 ਜਨਮ ਦਾ ਵਰਸਾ ਅਧਾਕਲਪ ਦੇ ਲਈ ਲੈ ਰਹੇ ਹਾਂ। 21 ਪੀੜ੍ਹੀ ਮਤਲਬ ਪੂਰੀ ਉਮਰ। ਜਦੋਂ ਸ਼ਰੀਰ ਬੁੱਢਾ ਹੋਵੇਗਾ ਤਾਂ ਸਮੇਂ ਤੇ ਸ਼ਰੀਰ ਛੱਡਾਂਗੇ। ਜਿਵੇਂ ਸੱਪ ਪੁਰਾਣੀ ਖੱਲ ਛੱਡ ਨਵੀਂ ਲੈ ਲੈਂਦੇ ਹਨ। ਸਾਡਾ ਵੀ ਪਾਰਟ ਵਜਾਉਂਦੇ - ਵਜਾਉਂਦੇ ਇਹ ਚੋਲਾ ਪੁਰਾਣਾ ਹੋ ਗਿਆ ਹੈ।

ਤੁਸੀਂ ਸੱਚੇ - ਸੱਚੇ ਬ੍ਰਾਹਮਣ ਹੋ। ਤੁਹਾਨੂੰ ਹੀ ਭ੍ਰਾਮਰੀ ਕਿਹਾ ਜਾਂਦਾ ਹੈ। ਤੁਸੀਂ ਕੀੜਿਆਂ ਨੂੰ ਆਪਸਮਾਨ ਬ੍ਰਾਹਮਣ ਬਣਾਉਂਦੀ ਹੋ । ਤੁਹਾਨੂੰ ਕਿਹਾ ਜਾਂਦਾ ਹੈ ਕਿ ਕੀੜੇ ਨੂੰ ਲੈ ਆਕੇ ਬੈਠ ਭੂੰ - ਭੂੰ ਕਰੋ। ਭ੍ਰਮਰੀ ਵੀ ਭੂੰ - ਭੂੰ ਕਰਦੀ ਹੈ ਫਿਰ ਕੋਈ ਨੂੰ ਤਾਂ ਪੰਖ ਆ ਜਾਂਦੇ ਹਨ, ਕੋਈ ਮਰ ਜਾਂਦੇ ਹਨ। ਮਿਸਾਲ ਸਭ ਹੁਣ ਦੇ ਹਨ। ਤੁਸੀਂ ਲਾਡਲੇ ਬੱਚੇ ਹੋ, ਬੱਚਿਆਂ ਨੂੰ ਨੂਰੇ ਰਤਨ ਕਿਹਾ ਜਾਂਦਾ ਹੈ। ਬਾਪ ਕਹਿੰਦੇ ਹਨ ਨੂਰੇ ਰਤਨ। ਤੁਹਾਨੂੰ ਆਪਣਾ ਬਣਾਇਆ ਹੈ ਤਾਂ ਤੁਸੀਂ ਵੀ ਸਾਡੇ ਹੋਏ ਨਾ। ਅਜਿਹੇ ਬਾਪ ਨੂੰ ਜਿੰਨਾ ਯਾਦ ਕਰੋਗੇ ਪਾਪ ਕੱਟ ਜਾਣਗੇ। ਹੋਰ ਕਿਸੇ ਨੂੰ ਵੀ ਯਾਦ ਕਰਨ ਨਾਲ ਪਾਪ ਨਹੀਂ ਕੱਟਣਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਜਿਉਂਦੇ ਜੀ ਦੇਹ - ਅਭਿਮਾਨ ਤੋਂ ਗਲਣ ਦਾ ਪੁਰਸ਼ਾਰਥ ਕਰਨਾ ਹੈ। ਇਸ ਪੁਰਾਣੀ ਜੁੱਤੀ ਵਿੱਚ ਜ਼ਰਾ ਵੀ ਮਮਤਵ ਨਾ ਰਹੇ।

2. ਸੱਚਾ ਬ੍ਰਾਹਮਣ ਬਣ ਕੀੜਿਆਂ ਤੇ ਗਿਆਨ ਦੀ ਭੂੰ - ਭੂੰ ਕਰ ਉਨ੍ਹਾਂ ਨੂੰ ਆਪ ਸਮਾਨ ਬ੍ਰਾਹਮਣ ਬਣਾਉਣਾ ਹੈ।

ਵਰਦਾਨ:- ਅੰਮਿਤਵੇਲੇ ਦਾ ਮਹੱਤਵ ਜਾਣ ਕੇ ਖੁੱਲ੍ਹੇ ਭੰਡਾਰ ਨਾਲ ਆਪਣੀ ਝੋਲੀ ਭਰਪੂਰ ਕਰਨ ਵਾਲੇ ਤਕਦੀਰਵਾਨ ਭਵ।
ਅੰਮਿਤਵੇਲੇ ਵਰਦਾਤਾ, ਭਾਗ ਵਿਧਾਤਾ ਤੋਂ ਜੋ ਤਕਦੀਰ ਦੀ ਰੇਖਾ ਖਿਚਵਾਉਣਾ ਚਾਹੋ ਖਿਚਵਾ ਲਵੋ ਕਿਉਂਕਿ ਉਸ ਵੇਲੇ ਭੋਲੇ ਭਗਵਾਨ ਦੇ ਰੂਪ ਵਿਚ ਲਵਫੁਲ ਹਨ ਇਸਲਈ ਮਾਲਿਕ ਬਣੋ ਅਤੇ ਅਧਿਕਾਰ ਲਵੋ। ਖਜਾਨੇ ਤੇ ਕੋਈ ਵੀ ਤਾਲਾ ਚਾਬੀ ਨਹੀਂ ਹੈ। ਉਸ ਵੇਲੇ ਸਿਰਫ ਮਾਇਆ ਦੇ ਬਹਾਨੇ ਬਾਜ਼ੀ ਨੂੰ ਛੱਡ ਇੱਕ ਸੰਕਲਪ ਕਰੋ ਕਿ ਜੋ ਵੀ ਮੈਂ ਹਾਂ, ਜਿਵੇਂ ਦੀ ਵੀ ਹਾਂ, ਤੁਹਾਡੀ ਹਾਂ। ਮਨ ਬੁੱਧੀ ਬਾਪ ਦੇ ਹਵਾਲੇ ਕਰ ਤਖ਼ਤਨਸ਼ੀਨ ਬਣ ਜਾਵੋ ਤਾਂ ਬਾਪ ਦੇ ਸਰਵ ਖਜਾਨੇ ਆਪਣੇ ਖਜਾਨੇ ਅਨੁਭਵ ਹੋਣਗੇ।

ਸਲੋਗਨ:- ਸੇਵਾ ਵਿਚ ਜੇਕਰ ਸਵਾਰਥ ਮਿਕਸ ਹੈ ਤਾਂ ਸਫਲਤਾ ਵੀ ਮਿਕਸ ਹੋ ਜਾਵੇਗੀ ਇਸਲਈ ਨਿਸਵਾਰਥ ਸੇਵਾਦਾਰੀ ਬਣੋ।

******

ਅਵਿਅਕਤ ਇਸ਼ਾਰੇ:- ਆਤਮਿਕ ਸਥਿਤੀ ਵਿਚ ਰਹਿਣ ਦਾ ਅਭਿਆਸ ਕਰੋ, ਅੰਤਰਮੁੱਖੀ ਬਣੋ।

ਅਜਿਹਾ ਕੋਈ ਵੀ ਬ੍ਰਾਹਮਣ ਨਹੀਂ ਹੋਵੇਗਾ ਜੋ ਆਤਮ ਅਭਿਮਾਨੀ ਬਣਨ ਦਾ ਪੁਰਸ਼ਾਰਥੀ ਨਾ ਹੋਵੇ। ਲੇਕਿਨ ਨਿਰੰਤਰ ਆਤਮ - ਅਭਿਮਾਨੀ, ਜਿਸ ਨਾਲ ਕਰਇੰਦਰੀਆਂ ਦੇ ਉਪਰ ਸੰਪੂਰਨ ਵਿਜੇ ਹੋ ਜਾਵੇ, ਹਰੇਕ ਕਰਮਿੰਦ੍ਰੀ ਸਤੋਪ੍ਰਧਾਨ ਸਵੱਛ ਹੋ ਜਾਵੇ, ਦੇਹ ਦੇ ਪੁਰਾਣੇ ਸੰਸਕਾਰ ਅਤੇ ਸੰਬੰਧ ਤੋਂ ਸੰਪੂਰਨ ਮਰਜੀਵਾ ਹੋ ਜਾਵੇ, ਇਸ ਦੇ ਲਈ ਅੰਤਰਮੁੱਖੀ ਬਣੋ, ਇਸੇ ਪੁਰਸ਼ਾਰਥ ਨਾਲ ਹੀ ਨੰਬਰ ਬਣਨਗੇ।